**ਪੰਜਾਬ ਸਰਕਾਰ**

**ਸਕੂਲ ਸਿੱਖਿਆ ਵਿਭਾਗ**

ਵੱਲ

ਸਮੂਹ ਜਿਲ੍ਹਾ ਸਿੱਖਿਆ ਅਫਸਰ (ਐ.ਸਿ./ਸੈ.ਸਿ),
ਪੰਜਾਬ।

ਮੀਮੋ ਨੰ: ਸਸਅ/ਸਿਵਲ ਵਰਕਸ/2021/144422
ਮਿਤੀ : 30.04.2021।

**ਵਿਸ਼ਾ: ਸਕੂਲਾ ਵਿਖੇ ਉਸਾਰੀ ਉਪਰੰਤ ਬਚੇ/ ਫਾਲਤੂ ਕੰਸਟਰਕਸ਼ਨ ਮਟੀਰੀਅਲ ਦੀ ਸ਼ਿਫਟਿੰਗ ਸਬੰਧੀ।**

1.0 ਉਪਰੋਕਤ ਵਿਸ਼ੇ ਤੇ ਧਿਆਨ ਦੇਣ ਦੀ ਖੇਚਲ ਕਰਨਾ ਜੀ।

2.0 ਸਮੱਗਰਾ/ਨਬਾਰਡ ਦੀ ਹਫਤਾਵਾਰ ਰੀਵੀਊ ਮੀਟਿੰਗ ਵਿੱਚ ਜਿਲ੍ਹਾ ਸਿੱਖਿਆ ਅਫਸਰਾਂ ਵੱਲੋਂ ਇਹ ਗੱਲ ਧਿਆਨ ਵਿੱਚ ਲਿਆਂਦੀ ਗਈ ਕਿ ਬਹੁਤ ਸਾਰੇ ਸਕੂਲਾਂ ਵਿੱਚ ਵੱਖ-ਵੱਖ ਸਕੀਮਾਂ ਤਹਿਤ ਉਸਾਰੀ ਦੇ ਕੰਮ ਚੱਲ ਰਹੇ ਹਨ। ਉਸਾਰੀ ਦਾ ਕੰਮ ਮੁਕੰਮਲ ਹੋਣ ਉਪਰੰਤ ਕਈ ਵਾਰ ਸਕੂਲ ਕੋਲ ਕੁਝ ਕੰਸਟਰਕਸ਼ਨ ਮਟੀਰੀਅਲ ਜਿਵੇ ਕਿ ਰੇਤਾ, ਬਜਰੀ, ਇੱਟਾ, ਸੀਮੇਂਟ ਅਤੇ ਸਰੀਆ ਆਦਿ ਬੱਚ ਜਾਂਦਾ ਹੈ ਅਤੇ ਬਆਦ ਵਿੱਚ ਫਜ਼ੂਲ ਪਿਆ ਬਰਬਾਦ ਹੋ ਜਾਂਦਾ ਹੈ।

3.0 ਆਪ ਨੂੰ ਲਿਖਿਆ ਜਾਂਦਾ ਹੈ ਕਿ ਸਮੂਹ ਸਕੂਲ ਮੁੱਖੀਆ ਨੂੰ ਹਦਾਇਤ ਕੀਤੀ ਜਾਵੇ ਕਿ ਜੇਕਰ ਕਿਸੇ ਸਕੂਲ ਕੋਲ ਕਿਸੇ ਵੀ ਤਰ੍ਹਾਂ ਦਾ ਕੰਸਟਰਕਸ਼ਨ ਮਟੀਰੀਅਲ ਬੱਚ ਜਾਂਦਾ ਹੈ ਤਾਂ ਉਸ ਨੂੰ ਕਿਸੇ ਨੇੜੇ ਦੇ ਲੋੜਵੰਦ ਸਕੂਲ ਨੂੰ ਸ਼ਿਫਟ ਕਰਵਾਇਆ ਜਾਵੇ। ਇਸ ਦੇ ਨਾਲ ਹੀ ਇਹ ਵੀ ਸਪੱਸ਼ਟ ਕੀਤਾ ਜਾਂਦਾ ਹੈ ਕਿ ਮਟੀਰੀਅਲ ਦੀ Transportation ਦੀ ਅਦਾਇਗੀ ਮਟੀਰੀਅਲ ਲੈਣ ਵਾਲੇ ਸਕੂਲ ਵੱਲੋਂ ਕੀਤੀ ਜਾਵੇਗੀ।

4.0 ਸ਼ਿਫਟ ਕੀਤੇ ਕੰਸਟਰਕਸ਼ਨ ਮਟੀਰੀਅਲ ਦੀ ਸਟਾਕ ਰਜਿਸਟਰ ਵਿੱਚ ਐਂਟਰੀ ਕੀਤੀ ਜਾਵੇ।

ਸਕੂਲ ਸਿੱਖਿਆ ਵਿਭਾਗ,
ਪੰਜਾਬ।